# Third meeting of BRICS Sherpas and Sous Sherpas

September 07, 2021

……………………………………………………………………………………………………

## BRICS ਸ਼ੇਰਪਾਵਾਂ ਅਤੇ ਸੂਸ ਸ਼ੇਰਪਾਵਾਂ ਦੀ ਤੀਜੀ ਬੈਠਕ

**7 ਸਤੰਬਰ, 2021**

BRICS ਸ਼ੇਰਪਾਵਾਂ ਅਤੇ ਸੂਸ ਸ਼ੇਰਪਾਵਾਂ ਦੀ ਤੀਜੀ ਬੈਠਕ 7 ਸਤੰਬਰ, 2021 ਨੂੰ ਭਾਰਤ ਦੀ ਪ੍ਰਧਾਨਗੀ ਹੇਠ ਬੁਲਾਈ ਗਈ। ਬੈਠਕ ਦੀ ਪ੍ਰਧਾਨਗੀ ਸਕੱਤਰ (CPV ਅਤੇ OIA) ਅਤੇ ਭਾਰਤ ਦੇ BRICS ਸ਼ੇਰਪਾ ਸ਼੍ਰੀ ਸੰਜੇ ਭੱਟਾਚਾਰੀਆ ਨੇ ਕੀਤੀ। ਬ੍ਰਾਜ਼ੀਲ ਦੇ BRICS ਸ਼ੇਰਪਾ ਰਾਜਦੂਤ ਸਾਰਕੁਇਸ ਜੇਬੀ ਸਾਰਕੁਇਸ, ਰੂਸੀ BRICS ਸ਼ੇਰਪਾ ਰਾਜਦੂਤ ਸਰਗੇਈ ਰਿਆਬਕੋਵ, ਚੀਨ ਦੇ BRICS ਸ਼ੇਰਪਾ ਰਾਜਦੂਤ ਮਾ ਝਾਓਕਸੂ, ਦੱਖਣੀ ਅਫਰੀਕਾ ਦੇ BRICS ਸ਼ੇਰਪਾ ਅਨਿਲ ਸੂਕਲਾਲ ਨੇ ਆਪੋ - ਆਪਣੇ ਵਫਦਾਂ ਦੀ ਅਗਵਾਈ ਕੀਤੀ।

BRICS ਸ਼ੇਰਪਾਵਾਂ ਨੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਵਰਚੁਅਲ ਫਾਰਮੈਟ ਵਿੱਚ 9 ਸਤੰਬਰ, 2021 ਨੂੰ ਹੋਣ ਵਾਲੇ 13ਵੇਂ BRICS ਸਿਖ਼ਰ ਸੰਮੇਲਨ ਦੀਆਂ ਤਿਆਰੀਆਂ ਦੀ ਸਮੀਖਿਆ ਕੀਤੀ। ਸ਼ੇਰਪਾਵਾਂ ਨੇ ਨਵੀਂ ਦਿੱਲੀ ਐਲਾਨ ਪੱਤਰ ਸਮੇਤ ਸੰਮੇਲਨ ਦੇ ਟੀਚਿਆਂ ਬਾਰੇ ਚਰਚਾ ਕੀਤੀ। ਉਨ੍ਹਾਂ ਨੇ BRICS ਦੀ ਸ਼ਮੂਲੀਅਤ ਦੇ ਮਾਰਗ ਦਰਸ਼ਨ ਲਈ BRICS ਦੇ ਸੋਧੇ ਗਏ ਨਿਯਮਾਂ ਨੂੰ ਅੰਗੀਕਾਰ ਕੀਤਾ।

ਸ਼ੇਰਪਾਵਾਂ ਨੇ COVID -19 ਮਹਾਂਮਾਰੀ ਦੀਆਂ ਚੁਣੌਤੀਆਂ ਦੇ ਬਾਵਜੂਦ BRICS ਅੰਦਰਲੇ ਸਹਿਯੋਗ ਨੂੰ ਅੱਗੇ ਵਧਾਉਣ ਅਤੇ 'BRICS @15: ਨਿਰੰਤਰਤਾ, ਇਕਜੁੱਟਤਾ ਅਤੇ ਸਹਿਮਤੀ ਲਈ BRICS ਅੰਦਰਲਾ ਸਹਿਯੋਗ' ਵਿਸ਼ੇ 'ਤੇ ਕੰਮ ਦੇ ਮਾਮਲੇ 'ਚ ਭਾਰਤ ਦੀ ਸਫ਼ਲਤਾ ਦੀ ਸ਼ਲਾਘਾ ਕੀਤੀ।

BRICS ਵਿਚਾਰਕ ਮੰਚ ਪ੍ਰੀਸ਼ਦ ਦੇ ਆਰਜ਼ੀ ਪ੍ਰਧਾਨ ਐਚ. ਐਚ. ਐੱਸ. ਵਿਸ਼ਵਨਾਥਨ ਅਤੇ BRICS ਸਿਵਲ ਫੋਰਮ ਦੇ ਡਿਸਟਿੰਗੁਇਸ਼ਡ ਫੈਲੋ ਅਤੇ ਆਰਜ਼ੀ ਪ੍ਰਧਾਨ ਅਤੇ RIS ਦੇ ਡਾਇਰੈਕਟਰ ਡਾ. ਸਚਿਨ ਚਤੁਰਵੇਦੀ ਨੇ BRICS ਸ਼ੇਰਪਾਵਾਂ ਨੂੰ ਉਨ੍ਹਾਂ ਦੇ ਸਬੰਧਤ ਟ੍ਰੈਕਾਂ ਬਾਰੇ ਅੰਤਮ ਰਿਪੋਰਟਾਂ ਪੇਸ਼ ਕੀਤੀਆਂ।

ਨਵੀਂ ਦਿੱਲੀ
7 ਸਤੰਬਰ, 2021

DISCLAIMER: This is an approximate translation. The original is available in English on MEA’s website and may be referred to as the official press release.